Ontario

# ਨਿਊਜ਼ ਰਿਲੀਜ਼

Ministry of Finance

## ਓਨਟੈਰੀਓ ਦੀ ਰੱਖਿਆ ਲਈ ਇੱਕ ਯੋਜਨਾ

### *2026 ਓਨਟੈਰੀਓ ਬਜਟ* ਇੱਕ ਵਧੇਰੇ ਪ੍ਰਤੀਯੋਗੀ, ਮਜ਼ਬੂਤ ਅਤੇ ਸਵੈ-ਨਿਰਭਰ ਅਰਥਵਿਵਸਥਾ ਬਣਾ ਕੇ ਓਨਟੈਰੀਓ ਦੇ ਕਾਮਿਆਂ

### ਅਤੇ ਪਰਿਵਾਰਾਂ ਦੀ ਰੱਖਿਆ ਕਰਨ ਦੀ ਯੋਜਨਾ ਨੂੰ ਨੇਪਰੇ ਚਾੜ੍ਹ ਰਿਹਾ ਹੈ

**ਖ਼ਬਰ** 26 ਮਾਰਚ, 2026

ਟੋਰਾਂਟੋ — ਅੱਜ ਵਿੱਤ ਮੰਤਰੀ Peter Bethlenfalvy ਨੇ *2026 ਓਨਟੈਰੀਓ ਬਜਟ: ਓਨਟੈਰੀਓ ਦੀ ਰੱਖਿਆ ਲਈ ਇੱਕ ਯੋਜਨਾ* ਜਾਰੀ ਕੀਤਾ। ਟੈਰਿਫ਼ਾਂ ਅਤੇ ਆਰਥਿਕ ਅਨਿਸ਼ਚਿਤਤਾ ਦੇ ਵਿਚਕਾਰ, ਸਰਕਾਰ G7 ਵਿੱਚ ਸਭ ਤੋਂ ਵੱਧ ਪ੍ਰਤੀਯੋਗੀ, ਮਜ਼ਬੂਤ ਅਤੇ ਸਵੈ-ਨਿਰਭਰ ਅਰਥਵਿਵਸਥਾ ਬਣਾ ਕੇ ਓਨਟੈਰੀਓ ਦੀ ਰੱਖਿਆ ਕਰਨ ਦੀ ਆਪਣੀ ਯੋਜਨਾ ਨੂੰ ਜਾਰੀ ਰੱਖ ਰਹੀ ਹੈ, ਜਿਸ ਵਿੱਚ ਓਨਟੈਰੀਓ ਦੀ ਟੈਕਸ ਕਾਰਵਾਈ ਯੋਜਨਾ (Ontario’s Tax Action Plan) ਦੇ ਅਗਲੇ ਪੜਾਅ ਵਿੱਚ ਸ਼ਾਮਲ ਜਿਕਰਯੋਗ ਟੈਕਸ ਰਾਹਤ ਰਾਹੀਂ ਕੀਤੀ ਜਾ ਰਹੀ ਕਾਰਵਾਈ ਵੀ ਸ਼ਾਮਲ ਹੈ। *2026 ਬਜਟ* ਸਰਕਾਰ ਦੀ ਨੌਕਰੀਆਂ ਅਤੇ ਨਿਵੇਸ਼ ਨੂੰ ਆਕਰਸ਼ਿਤ ਕਰਨ, ਕਾਮਿਆਂ ਅਤੇ ਕਾਰੋਬਾਰਾਂ ਲਈ ਲਾਗਤਾਂ ਘਟਾਉਣ, ਪਰਿਵਾਰਾਂ ਅਤੇ ਵਿਅਕਤੀਆਂ ਲਈ ਜੀਵਨ ਨੂੰ ਕਿਫ਼ਾਇਤੀ ਰੱਖਣ ਅਤੇ ਸੂਬੇ ਦੀ ਲੰਬੇ ਸਮੇਂ ਦੀ ਖੁਸ਼ਹਾਲੀ ਦਾ ਸਮਰਥਨ ਕਰਨ ਵਾਲੀਆਂ ਮੁੱਖ ਜਨਤਕ ਸੇਵਾਵਾਂ ਵਿੱਚ ਟੀਚਾਬੱਧ ਨਿਵੇਸ਼ ਕਰਨ ਦੀ ਯੋਜਨਾ ਨੂੰ ਅੱਗੇ ਵਧਾਉਂਦਾ ਹੈ।

"ਓਨਟੈਰੀਓ ਇੱਕ ਵਿਹਾਰਕ ਅਤੇ ਸੂਝਵਾਨ ਵਿੱਤੀ ਯੋਜਨਾ ਨਾਲ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ," ਮੰਤਰੀ Bethlenfalvy ਨੇ ਕਿਹਾ। "ਸੂਬੇ ਨੂੰ ਇਨ੍ਹਾਂ ਸਮਿਆਂ ਵਿੱਚੋਂ ਪਾਰ ਲੰਘਣ ਅਤੇ ਮਜ਼ਬੂਤ ਬਣਕੇ ਬਾਹਰ ਆਉਣ ਵਿੱਚ ਮਦਦ ਕਰਨ ਲਈ, ਅਸੀਂ ਊਰਜਾ, ਮਹੱਤਵਪੂਰਨ ਖਣਿਜਾਂ, ਮੁੱਖ ਬੁਨਿਆਦੀ ਢਾਂਚੇ ਅਤੇ ਅਤੀ-ਅਹਿਮ ਟੈਕਨਾਲੋਜੀਆਂ ਵਰਗੀਆਂ ਰਣਨੀਤਕ ਤਰਜੀਹਾਂ ਵਿੱਚ ਨਿਵੇਸ਼ ਕਰ ਰਹੇ ਹਾਂ ਜੋ ਸਾਡੀ ਆਰਥਿਕਤਾ ਨੂੰ ਵਧੇਰੇ ਮਜ਼ਬੂਤ ਬਣਾਉਣਗੇ, ਅਤੇ ਨਾਲ ਹੀ ਲਾਲ ਫ਼ੀਤਾਸ਼ਾਹੀ ਨੂੰ ਘਟਾ ਕੇ ਕਾਰੋਬਾਰਾਂ ਦੇ ਵਧਣ-ਫੁੱਲਣ ਵਾਲੇ ਹਾਲਾਤਾਂ ਦੀ ਸਿਰਜਣਾ ਕਰਨਗੇ, ਕਾਮਿਆਂ ਦਾ ਸਮਰਥਨ ਕਰਨਗੇ ਅਤੇ ਓਨਟੈਰੀਓ ਦੀ ਆਰਥਿਕਤਾ ਨੂੰ ਮਜ਼ਬੂਤ ਕਰਨਗੇ।"

ਚੁਣੌਤੀਪੂਰਨ ਵਿਸ਼ਵ ਆਰਥਿਕ ਹਾਲਾਤਾਂ ਦੇ ਬਾਵਜੂਦ। ਓਨਟੈਰੀਓ ਦਾ *2026 ਬਜਟ* ਸੂਬੇ ਦੇ ਲਚਕੀਲੇ ਅਤੇ ਸੂਝਵਾਨ ਵਿੱਤੀ ਪ੍ਰਬੰਧਨ ਦੇ ਲਾਭਾਂ ਨੂੰ ਦਰਸਾਉਂਦਾ ਹੈ। ਹਾਲਾਂਕਿ ਦੂਜੇ ਸੂਬਿਆਂ ਅਤੇ ਸੰਘੀ ਸਰਕਾਰ ਨੇ ਫ਼ੰਡਿੰਗ ਵਿੱਚ ਮਹੱਤਵਪੂਰਨ ਕਟੌਤੀਆਂ ਕੀਤੀਆਂ ਹਨ, ਸਿਵਲ ਸੇਵਾ ਦੇ ਆਕਾਰ ਵਿੱਚ ਕਟੌਤੀ ਕੀਤੀ ਹੈ ਜਾਂ ਟੈਕਸਾਂ ਵਿੱਚ ਵਾਧਾ ਕੀਤਾ ਹੈ, ਪਰ ਓਨਟੈਰੀਓ ਦਾ *2026 ਬਜਟ* ਬੁਨਿਆਦੀ ਢਾਂਚੇ, ਸਿਹਤ ਸੰਭਾਲ ਅਤੇ ਸਿੱਖਿਆ ਵਰਗੀਆਂ ਮੁੱਖ ਤਰਜੀਹਾਂ ਲਈ ਫ਼ੰਡਿੰਗ ਨੂੰ ਵਧਾਉਣਾ ਜਾਰੀ ਰੱਖ ਰਿਹਾ ਹੈ, ਜਦੋਂ ਕਿ ਓਨਟੈਰੀਓ ਦੇ ਪਰਿਵਾਰਾਂ ਲਈ ਜੀਵਨ ਨੂੰ ਵਧੇਰੇ ਕਿਫ਼ਾਇਤੀ ਬਣਾਉਣ, ਮੁਕਾਬਲੇਬਾਜ਼ੀ ਵਧਾਉਣ ਅਤੇ ਸੂਬੇ ਵਿੱਚ ਨਿਵੇਸ਼ ਅਤੇ ਨੌਕਰੀਆਂ ਦੀ ਸਿਰਜਣਾ ਨੂੰ ਉਤਸ਼ਾਹਤ ਕਰਨ ਲਈ ਇਹ ਮਹੱਤਵਪੂਰਨ ਟੈਕਸ ਰਾਹਤ ਪ੍ਰਦਾਨ ਕਰਦਾ ਹੈ।

ਸਰਕਾਰ ਦੀ ਪਹੁੰਚ ਇਸਦੀ ਵਿੱਤੀ ਯੋਜਨਾ ਦੇ ਹਿੱਸੇ ਵਜੋਂ ਨੂੰ ਸੰਤੁਲਿਤ ਕਰਨ ਦਾ ਰਸਤੇ ’ਤੇ ਚੱਲ ਰਹੀ ਹੈ। *2026 ਬਜਟ* ਪ੍ਰਮੁੱਖ ਜਨਤਕ ਸੇਵਾਵਾਂ ਵਿੱਚ ਨਿਰੰਤਰ ਨਿਵੇਸ਼ਾਂ ਰਾਹੀਂ ਇੱਕ ਸੂਝਵਾਨ ਅਤੇ ਵਿੱਤੀ ਤੌਰ ’ਤੇ ਜ਼ਿੰਮੇਵਾਰ ਪਹੁੰਚ ਅਪਣਾਉਣਾ ਜਾਰੀ ਰੱਖ ਰਿਹਾ ਹੈ, ਜਦੋਂ ਕਿ ਬਦਲਦੀਆਂ ਸਥਿਤੀਆਂ ਦਾ ਜਵਾਬ ਦੇਣ ਅਤੇ ਓਨਟੈਰੀਓ ਦੇ ਲੋਕਾਂ ਲਈ ਸਹਾਇਤਾ ਵਾਸਤੇ ਲੋੜੀਂਦੀ ਵਿੱਤੀ ਲਚਕਤਾ ਨੂੰ ਵੀ ਬਣਾਈ ਰੱਖ ਰਿਹਾ ਹੈ।

ਮੁੱਖ ਝਲਕੀਆਂ ਵਿੱਚ ਸ਼ਾਮਲ ਹਨ:

- ਓਨਟੈਰੀਓ ਨੂੰ G7 ਵਿੱਚ ਸਭ ਤੋਂ ਵੱਧ ਪ੍ਰਤੀਯੋਗੀ ਇਲਾਕਾ ਬਣਾਉਣ ਲਈ ਸੂਬੇ ਦੀ ਟੈਕਸ ਕਾਰਵਾਈ ਯੋਜਨਾ ਨੂੰ ਨੇਪਰੇ ਚਾੜ੍ਹਨਾ ਅਤੇ ਹੇਠ ਲਿਖਿਆਂ ਰਾਹੀਂ ਲਾਗਤਾਂ ਨੂੰ ਘਟਾਉਣਾ:
  - $1 ਮਿਲੀਅਨ ਤੱਕ ਦੇ ਨਵੇਂ ਘਰਾਂ ਦੇ ਸਾਰੇ ਯੋਗ ਖਰੀਦਦਾਰਾਂ ਲਈ ਹਾਰਮੋਨਾਈਜ਼ਡ ਸੇਲਜ਼ ਟੈਕਸ (Harmonized Sales Tax - HST) ਦਾ ਪੂਰਾ 13 ਪ੍ਰਤੀਸ਼ਤ ਹਟਾ ਕੇ ਘਰ ਖਰੀਦਦਾਰਾਂ ਲਈ ਹੋਰ ਰਾਹਤ ਪ੍ਰਦਾਨ ਕਰਨਾ, ਇੱਕ ਯੋਗ ਖਰੀਦਦਾਰ ਨੂੰ ਰਾਹਤ ਵਜੋਂ ਵੱਧ ਤੋਂ ਵੱਧ $130,000 ਦੀ ਛੋਟ ਦਿੱਤੀ ਜਾਵੇਗੀ ਅਤੇ ਇਹ ਰਕਮ $1.5 ਮਿਲੀਅਨ ਤੱਕ ਦੇ ਨਵੇਂ ਘਰਾਂ ਲਈ ਬਰਕਰਾਰ ਰੱਖੀ ਜਾਵੇਗੀ। ਸੂਬਾਈ ਰਿਹਾਇਸ਼ੀ ਪਹਿਲਕਦਮੀਆਂ ਦੇ ਸਮਰਥਨ ਵਿੱਚ ਸੰਘੀ ਸਰਕਾਰ ਨੇ ਓਨਟੈਰੀਓ ਨਾਲ ਲਾਗਤ-ਸ਼ੇਅਰ ਕਰਨ ਲਈ ਸਹਿਮਤੀ ਦਿੱਤੀ ਹੈ, ਜੋ ਕਿ ਸੰਘੀ ਸਰਕਾਰ ਵੱਲੋਂ ਕਾਨੂੰਨ ਪਾਸ ਕਰਨ ਦੇ ਅਧੀਨ ਹੈ, ਜੋ ਓਨਟੈਰੀਓ ਵਿੱਚ ਨਵੇਂ ਘਰਾਂ ਤੋਂ ਹਟਾਏ ਜਾ ਰਹੇ HST ਲਈ ਸੰਘੀ ਸਰਕਾਰ ਦੇ ਪੰਜ ਪ੍ਰਤੀਸ਼ਤ ਹਿੱਸੇ ਨੂੰ ਲਗਭਗ ਕਵਰ ਕਰੇਗਾ। ਇਹ ਭਾਈਵਾਲੀ ਓਨਟੈਰੀਓ ਵਿੱਚ ਹਾਊਸਿੰਗ ਵਾਸਤੇ ਕੁੱਲ ਸੰਯੁਕਤ ਟੈਕਸ ਰਾਹਤ ਦੇ ਰੂਪ ਵਿੱਚ ਲਗਭਗ $2.2 ਬਿਲੀਅਨ ਪ੍ਰਦਾਨ ਕਰੇਗੀ।
  - 1 ਜੁਲਾਈ, 2026 ਤੋਂ ਲਾਗੂ ਹੋਣ ਵਾਲੇ ਛੋਟੇ ਕਾਰੋਬਾਰਾਂ ਲਈ ਕਾਰਪੋਰੇਟ ਆਮਦਨ ਟੈਕਸ (Corporate Income Tax - CIT) ਦੀ ਦਰ ਨੂੰ 3.2 ਪ੍ਰਤੀਸ਼ਤ ਤੋਂ ਘਟਾ ਕੇ 2.2 ਪ੍ਰਤੀਸ਼ਤ ਕਰਨ ਦਾ ਪ੍ਰਸਤਾਵ ਦੇ ਕੇ ਇਹ ਯਕੀਨੀ ਬਣਾਉਣਾ ਕਿ ਓਨਟੈਰੀਓ ਦੇ ਛੋਟੇ ਕਾਰੋਬਾਰ ਪ੍ਰਤੀਯੋਗੀ ਅਤੇ ਮਜ਼ਬੂਤ ਬਣੇ ਰਹਿੰਦੇ ਹਨ। ਦਰ ਵਿੱਚ 30 ਪ੍ਰਤੀਸ਼ਤ ਤੋਂ ਵੱਧ ਕਟੌਤੀ ਕਰਕੇ, ਓਨਟੈਰੀਓ ਦੇ 375,000 ਤੋਂ ਵੱਧ ਛੋਟੇ ਕਾਰੋਬਾਰਾਂ ਨੂੰ ਅਗਲੇ ਤਿੰਨ ਸਾਲਾਂ ਵਿੱਚ CIT ਰਾਹਤ ਵਿੱਚ $1.1 ਬਿਲੀਅਨ ਦੀ ਵਾਧੂ ਰਾਹਤ ਦਾ ਫ਼ਾਇਦਾ ਹੋਵੇਗਾ।
  - ਸੰਘੀ ਸਰਕਾਰ ਦੁਆਰਾ ਐਲਾਨੀਆਂ ਗਈਆਂ ਤਬਦੀਲੀਆਂ ਦੇ ਸਮਾਨਾਂਤਰ, ਕਾਰੋਬਾਰਾਂ ਨੂੰ ਘਟਣਯੋਗ ਸੰਪਤੀਆਂ ਦੀ ਲਾਗਤ ਲਈ ਆਮਦਨ ਟੈਕਸ ਕਟੌਤੀ ਨੂੰ ਤੇਜ਼ ਕਰਨ ਦੇ ਯੋਗ ਬਣਾਕੇ ਪੂੰਜੀ ਨਿਵੇਸ਼ ਦੀ ਲਾਗਤ ਘਟਾਉਣ ਦਾ ਇਰਾਦਾ ਰੱਖਣਾ। ਇਹ ਤਬਦੀਲੀਆਂ ਸੰਪਤੀਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਵਿੱਚ ਨਿਵੇਸ਼ ਦੀ ਲਾਗਤ ਨੂੰ ਘਟਾ ਦੇਣਗੀਆਂ ਅਤੇ ਸੰਘੀ ਕਾਨੂੰਨ ਦੇ ਪਾਸ ਹੋਣ ਤੋਂ ਬਾਅਦ ਲਾਗੂ ਹੋਣਗੀਆਂ।
- ਪ੍ਰੋਟੈਕਟ ਓਨਟੈਰੀਓ ਅਕਾਊਂਟ ਇਨਵੈਸਟਮੈਂਟ ਫ਼ੰਡ (Protect Ontario Account Investment Fund) ਦੀ ਸਥਾਪਨਾ, ਜਿਸ ਵਿੱਚ ਸੂਬਾ ਪੈਨਸ਼ਨ ਫ਼ੰਡਾਂ ਅਤੇ ਹੋਰ ਨਿੱਜੀ ਪੂੰਜੀ ਤੋਂ ਨਿਵੇਸ਼ ਆਕਰਸ਼ਿਤ ਕਰਨ ਲਈ $4 ਬਿਲੀਅਨ ਤੱਕ ਦਾ ਨਿਵੇਸ਼ ਕਰੇਗਾ ਤਾਂ ਜੋ ਓਨਟੈਰੀਓ ਦੀਆਂ ਲੰਬੇ ਸਮੇਂ ਦੀਆਂ ਆਰਥਿਕ ਅਤੇ ਰਣਨੀਤਕ ਤਰਜੀਹਾਂ ਨੂੰ ਅੱਗੇ ਵਧਾਇਆ ਜਾ ਸਕੇ।
- ਓਨਟੈਰੀਓ ਔਟਿਜ਼ਮ ਪ੍ਰੋਗਰਾਮ (Ontario Autism Program) ਲਈ ਫ਼ੰਡਿੰਗ ਨੂੰ ਵਧਾ ਕੇ ਲਗਭਗ $1 ਬਿਲੀਅਨ ਸਾਲਾਨਾ ਕਰਨਾ, ਜਿਸ ਨਾਲ ਸੂਬੇ ਭਰ ਵਿੱਚ ਸੈਕਟਰ ਸਮਰੱਥਾ ਨੂੰ ਹੋਰ ਮਜ਼ਬੂਤ ਕਰਦੇ ਹੋਏ ਵਧੇਰੇ ਬੱਚਿਆਂ ਅਤੇ ਨੌਜਵਾਨਾਂ ਨੂੰ ਮੁੱਖ ਕਲੀਨਿਕੀ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਹੋਵੇਗੀ।
- ਓਨਟੈਰੀਓ ਵਿੱਚ ਹਰ ਕਿਸੇ ਨੂੰ ਇੱਕ ਪਰਿਵਾਰਕ ਡਾਕਟਰ ਜਾਂ ਮੁੱਢਲੀ ਦੇਖਭਾਲ ਪ੍ਰਦਾਤਾ ਨਾਲ ਜੋੜਨ ਦੀ ਸੂਬੇ ਦੀ ਯੋਜਨਾ ਨੂੰ ਅੱਗੇ ਵਧਾਉਂਦੇ ਹੋਏ, 2025 ਤੋਂ 2029 ਤੱਕ ਮੁੱਢਲੀ ਦੇਖਭਾਲ ਕਾਰਵਾਈ ਯੋਜਨਾ (Primary Care Action Plan) ਵਿੱਚ ਓਨਟੈਰੀਓ ਦੇ ਚਾਰ ਸਾਲਾਂ ਦੇ ਨਿਵੇਸ਼ ਨੂੰ $3.4 ਬਿਲੀਅਨ ਤੱਕ ਵਧਾਉਣਾ। ਮੁੱਢਲੀ ਦੇਖਭਾਲ ਕਾਰਵਾਈ ਯੋਜਨਾ ਰਾਹੀਂ ਪਹਿਲਕਦਮੀਆਂ ਓਨਟੈਰੀਓ ਦੇ ਬਾਕੀ ਬਚੇ ਲੋਕਾਂ ਲਈ ਪਾੜੇ ਨੂੰ ਪੂਰਾ ਕਰਨਗੀਆਂ ਜੋ ਮੁੱਢਲੀ ਦੇਖਭਾਲ ਨਾਲ ਜੁੜਨਾ ਚਾਹੁੰਦੇ ਹਨ, ਜਿਸ ਨਾਲ ਓਨਟੈਰੀਓ ਦੇ ਹਰ ਵਿਅਕਤੀ ਨੂੰ ਮੁੱਢਲੀ ਦੇਖਭਾਲ ਨਾਲ ਜੋੜਨ ਦਾ ਟੀਚਾ ਪ੍ਰਾਪਤ ਕੀਤਾ ਜਾਵੇਗਾ।
- ਕੈਨੇਡੀਅਨ ਇਤਿਹਾਸ ਦੀ ਸਭ ਤੋਂ ਮਹੱਤਵਾਕਾਂਖੀ ਸੂਬਾਈ ਰਾਜਧਾਨੀ ਯੋਜਨਾ ਵਿੱਚ ਨਿਵੇਸ਼ ਕਰਨਾ, ਜਿਸ ਵਿੱਚ 10 ਸਾਲਾਂ ਦੌਰਾਨ ਕੁੱਲ $210 ਬਿਲੀਅਨ ਤੋਂ ਵੱਧ ਯੋਜਨਾਬੱਧ ਨਿਵੇਸ਼ ਹਨ, ਜਿਸ ਵਿੱਚ 2026-27 ਵਿੱਚ $37 ਬਿਲੀਅਨ ਸ਼ਾਮਲ ਹਨ। ਇਸ ਵਿੱਚ ਰਾਜਮਾਰਗਾਂ, ਹਸਪਤਾਲਾਂ, ਆਵਾਜਾਈ ਅਤੇ ਭਾਈਚਾਰਕ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨਾ ਸ਼ਾਮਲ ਹੈ ਤਾਂ ਜੋ ਵਰਕਰਾਂ ਨੂੰ ਕੰਮ ’ਤੇ ਰੱਖਿਆ ਜਾ ਸਕੇ, ਓਨਟੈਰੀਓ ਦੀ ਆਰਥਿਕਤਾ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਆਉਣ ਵਾਲੀਆਂ ਕਈ ਪੀੜ੍ਹੀਆਂ ਲਈ ਭਾਈਚਾਰੇ ਵਧਦੇ-ਫੁੱਲਦੇ ਰਹਿੰਦੇ ਹਨ।

• ਸੂਬੇ ਭਰ ਵਿੱਚ ਨਵੀਆਂ ਖੇਡਾਂ ਅਤੇ ਮਨੋਰੰਜਨ ਸਹੂਲਤਾਂ ਦੀ ਮੁਰੰਮਤ, ਅਪਗ੍ਰੇਡ ਜਾਂ ਉਸਾਰੀ ਦਾ ਸਮਰਥਨ ਕਰਕੇ ਵਧ ਰਹੇ ਭਾਈਚਾਰਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ, ਕਮਿਊਨਿਟੀ ਸਪੋਰਟ ਐਂਡ ਰੀਕ੍ਰੀਏਸ਼ਨ ਇਨਫਰਾਸਟ੍ਰਕਚਰ ਫ਼ੰਡ (Community Sport and Recreation Infrastructure Fund) ਰਾਹੀਂ ਛੇ ਸਾਲਾਂ ਦੌਰਾਨ ਵਾਧੂ $300 ਮਿਲੀਅਨ ਪ੍ਰਦਾਨ ਕਰਨਾ। ਇਸ ਪ੍ਰੋਗਰਾਮ ਰਾਹੀਂ ਓਨਟੈਰੀਓ ਦੇ ਨਿਵੇਸ਼ ਹੁਣ ਕੁੱਲ $500 ਮਿਲੀਅਨ ਹਨ।

• ਐਲੀਮੈਂਟਰੀ ਸਕੂਲ ਦੇ ਹੋਮਰੂਮ ਅਧਿਆਪਕਾਂ ਲਈ ਕਲਾਸਰੂਮ ਸਪਲਾਈਜ਼ ਫ਼ੰਡ (Classroom Supplies Fund) ਬਣਾਉਣ ਲਈ ਪ੍ਰਤੀ ਸਕੂਲੀ ਸਾਲ $66 ਮਿਲੀਅਨ ਦਾ ਨਿਵੇਸ਼ ਕਰਨਾ ਤਾਂ ਜੋ ਉਹ ਇੱਕ ਕਲਾਸਰੂਮ ਸਪਲਾਈਜ਼ ਕਾਰਡ (Classroom Supplies Card) ਪ੍ਰਾਪਤ ਕਰ ਸਕਣ ਜੋ ਜੇਬ ਤੋਂ ਹੋਣ ਵਾਲੇ ਖ਼ਰਚਿਆਂ ਨੂੰ ਘਟਾਉਣ ਲਈ ਸਾਲਾਨਾ $750 ਤੱਕ ਪਹੁੰਚ ਪ੍ਰਦਾਨ ਕਰਦਾ ਹੈ, ਅਤੇ ਅਜਿਹਾ ਕਰਕੇ ਵਿਦਿਆਰਥੀਆਂ ਦੀ ਪ੍ਰਾਪਤੀ ਨੂੰ ਬਿਹਤਰ ਬਣਾਉਣਾ ਅਤੇ ਭਵਿੱਖ ਲਈ ਵਿਦਿਆਰਥੀਆਂ ਨੂੰ ਤਿਆਰ ਕਰਨਾ।

• ਯਾਤਰੀਆਂ ਲਈ ਲਾਗਤਾਂ ਨੂੰ ਘੱਟ ਰੱਖਣ ਲਈ ਓਨਟੈਰੀਓ ਵਨ ਫੇਅਰ ਪ੍ਰੋਗਰਾਮ (Ontario One Fare Program) ਨੂੰ ਦੋ ਸਾਲਾਂ ਲਈ ਹੋਰ ਵਧਾ ਕੇ, ਗ੍ਰੇਟਰ ਟੋਰਾਂਟੋ ਐਂਡ ਹੈਮਿਲਟਨ ਏਰੀਆ (Greater Toronto and Hamilton Area - GTHA) ਵਿੱਚ ਰੋਜ਼ਾਨਾ ਆਵਾਜਾਈ ਉਪਭੋਗਤਾਵਾਂ ਵਾਸਤੇ ਪ੍ਰਤੀ ਸਾਲ $1,600 ਤੱਕ ਦੀ ਬੱਚਤ ਕਰਨਾ।

## ਝੱਟਪੱਟ ਤੱਥ

- ਓਨਟੈਰੀਓ ਦਾ 2025-26 ਲਈ ਵਿੱਤੀ ਘਾਟਾ $12.3 ਬਿਲੀਅਨ ਹੋਣ ਦਾ ਅਨੁਮਾਨ ਹੈ — ਜੋ ਕਿ *2025 ਬਜਟ* ਵਿੱਚ ਪ੍ਰਕਾਸ਼ਿਤ ਅਨੁਮਾਨ ਨਾਲੋਂ $2.3 ਬਿਲੀਅਨ ਘੱਟ ਹੈ।
- ਓਨਟੈਰੀਓ ਦੀ ਸੁਝਵਾਨ ਯੋਜਨਾ ਟੈਕਸ ਨਹੀਂ ਵਧਾਉਂਦੀ ਜਾਂ ਸੇਵਾਵਾਂ ਵਿੱਚ ਕਟੌਤੀ ਨਹੀਂ ਕਰਦੀ, ਅਤੇ ਓਨਟੈਰੀਓ ਇੱਕੋ ਇੱਕ ਅਜਿਹਾ ਸੂਬਾ ਹੈ ਜੋ ਸੰਤੁਲਨ ਦਾ ਰਸਤਾ ਬਰਕਰਾਰ ਰੱਖ ਰਿਹਾ ਹੈ।
- ਦਰਮਿਆਨੀ ਮਿਆਦ ਦੌਰਾਨ, ਸਰਕਾਰ 2028-29 ਵਿੱਚ $0.6 ਬਿਲੀਅਨ ਦੇ ਵਿੱਤੀ ਵਾਧੇ (surplus) ਦੀ ਯੋਜਨਾ ਬਣਾਉਣ ਤੋਂ ਪਹਿਲਾਂ, 2026-27 ਵਿੱਚ $13.8 ਬਿਲੀਅਨ ਅਤੇ 2027-28 ਵਿੱਚ $6.1 ਬਿਲੀਅਨ ਦੇ ਵਿੱਤੀ ਘਾਟੇ ਦਾ ਅਨੁਮਾਨ ਲਗਾ ਰਹੀ ਹੈ।
- ਓਨਟੈਰੀਓ ਦੀ ਅਸਲ GDP 2025 ਵਿੱਚ ਅੰਦਾਜ਼ਾਨ 1.2 ਫ਼ੀਸਦੀ ਵਧੀ ਹੈ ਅਤੇ 2026 ਵਿੱਚ 1.0 ਫ਼ੀਸਦੀ, 2027 ਵਿੱਚ 1.7 ਫ਼ੀਸਦੀ, 2028 ਵਿੱਚ 1.8 ਫ਼ੀਸਦੀ ਅਤੇ 2029 ਵਿੱਚ 2.0 ਫ਼ੀਸਦੀ ਵਧਣ ਦਾ ਅੰਦਾਜ਼ਾ ਹੈ।
- ਓਨਟੈਰੀਓ ਦਾ 2025-26 ਦਾ ਕਰਜ਼-ਤੋਂ-GDP ਸ਼ੁੱਧ ਅਨੁਪਾਤ ਹੁਣ 36.8 ਪ੍ਰਤੀਸ਼ਤ ਹੋਣ ਦਾ ਅਨੁਮਾਨ ਹੈ, ਜੋ ਕਿ *2025 ਬਜਟ* ਵਿੱਚ ਅਨੁਮਾਨਿਤ 37.9 ਪ੍ਰਤੀਸ਼ਤ ਤੋਂ 1.1 ਪ੍ਰਤੀਸ਼ਤ ਅੰਕ ਘੱਟ ਹੈ, ਜੋ ਕਿ ਮੁੱਖ ਤੌਰ 'ਤੇ ਅਨੁਮਾਨਿਤ ਵਿੱਤੀ ਘਾਟੇ ਨਾਲੋਂ ਘੱਟ ਹੋਣ ਕਾਰਨ ਹੈ। ਦਰਮਿਆਨੀ ਮਿਆਦ ਦੇ ਅੰਦਾਜ਼ੇ ਅਨੁਸਾਰ, ਕਰਜ਼-ਤੋਂ-GDP ਦਾ ਸ਼ੁੱਧ ਅਨੁਪਾਤ 40.0 ਪ੍ਰਤੀਸ਼ਤ ਦੇ ਟੀਚੇ ਤੋਂ ਹੇਠਾਂ ਰਹਿਣ ਦਾ ਅਨੁਮਾਨ ਹੈ, ਜੋ ਇਹ ਦਰਸਾਉਂਦਾ ਹੈ ਕਿ ਓਨਟੈਰੀਓ ਕਰਜ਼ੇ ਦੇ ਬੋਝ ਨੂੰ ਘਟਾਉਣ ਵੱਲ ਸਕਾਰਾਤਮਕ ਪ੍ਰਗਤੀ ਕਰਨਾ ਜਾਰੀ ਰੱਖ ਰਿਹਾ ਹੈ।

## ਵਾਧੂ ਸਰੋਤ

2026 ਬਜਟ:ਓਨਟੈਰੀਓ ਦੀ ਰੱਖਿਆ ਲਈ ਇੱਕ ਯੋਜਨਾ ਨੂੰ ਪੜ੍ਹੋ

2026 ਬਜਟ: ਓਨਟੈਰੀਓ ਦੀ ਰੱਖਿਆ ਲਈ ਇੱਕ ਯੋਜਨਾ ਦੀਆਂ ਝਲਕੀਆਂ ਨੂੰ ਪੜ੍ਹੋ

ਪਿਛੋਕੜ: ਆਰਥਿਕ ਅਤੇ ਵਿੱਤੀ ਸਾਰ ਪੜ੍ਹੋ

---

**ਮੀਡੀਆ ਸੰਪਰਕ**

**news.ontario.ca/mof/en**
*Disponible en français*

Sarah Chapin
ਮੰਤਰੀ Bethlenfalvy ਦਾ ਦਫ਼ਤਰ
Sarah.Chapin@ontario.ca

Scott Blodgett
ਸੰਚਾਰ ਸ਼ਾਖਾ
Scott.Blodgett@ontario.ca